# 1. ਪਿਆਰੇ ਬੱਚਿਓ



ਵਿਰਕ ਪੁਸ਼ਪਿੰਦਰ
ਪੰਜਾਬੀ ਕਵਿਤਰੀ

ਪਿਆਰੇ ਬੱਚਿਓ
ਇੱਧਰ ਆਓ
ਗੱਲ ਸੁਣੋ
ਤੇ ਜਾਓ
ਸਾਰੀ ਗਲੀ ਦੇ ਘਰਾਂ ਦੀਆਂ ਘੰਟੀਆਂ ਵਜਾਓ
ਸਾਰੇ ਸ਼ਹਿਰ ਦੇ ਘਰਾਂ ਦੀਆਂ ਘੰਟੀਆਂ ਵਜਾਓ
ਸਾਰੀ ਮਹਾਂਨਗਰੀ ਦੇ ਘਰਾਂ ਤੇ ਫਲੈਟਾਂ ਦੀਆਂ ਘੰਟੀਆਂ ਵਜਾਓ

ਜਗਾਓ ਇਸ ਸ਼ਹਿਰੀ ਸੱਭਿਅਤਾ ਨੂੰ
ਜੋ ਤੁਹਾਨੂੰ ਉਂਗਲ ਫੜ੍ਹ
ਸਕੂਲ
ਟਿਊਸ਼ਨ
ਅਕੈਡਮੀ
ਤੇ ਕਦੇ ਲਾਈਵ ਕਲਾਸ ਵਿੱਚ ਬਿਠਾ ਦਿੰਦੀ

ਜੋ ਟੀ.ਵੀ ਸਕਰੀਨ ਦੀ ਚਾਟ ਉੱਤੇ ਲਾ
ਤੁਹਾਡੇ ਮੂੰਹ ਵਿੱਚ
ਬਰੈੱਡ ਪੀਜ਼ਾ ਸੈਂਡਵਿਚ ਦੇ ਨਾਮ ਉੱਤੇ
ਠੂਸੀ ਜਾਂਦੀ
ਫਰਿੱਜਾਂ ਦਾ ਬੇਹਾ ਖਾਣਾ

ਜੋ ਦੇਸੀ ਘਿਓ ਦੇ ਪਰੌਂਠਿਆਂ ਦੀ ਥਾਂ

ਰਿਫਾਇੰਡ ਨਾਲ਼ ਚੋਪੜ
ਇੱਕ ਪਰੌਂਠੀ ਦੇ
ਤੁਹਾਨੂੰ ਵਾਰ ਵਾਰ
ਸਿਹਤ ਸਬੰਧੀ ਸੁਚੇਤ ਕਰਦੀ
ਉਠਾ ਦਿੰਦੀ ਹੈ ਡਾਇਨਿੰਗ ਟੇਬਲਾਂ ਤੋਂ

ਜਾਓ
ਘੰਟੀ ਮਾਰ ਕੇ ਦਿਖਾਓ
ਇਸ ਸੱਭਿਅਤਾ ਦੇ ਸੁਪਨਿਆਂ ਨਾਲ਼ ਭਰੀਆਂ
ਆਪਣੀਆਂ ਬੁਝੀਆਂ ਤੇ ਉਦਾਸੀਨ ਅੱਖਾਂ
ਪੂਰੇ ਜਹਾਨ ਨੂੰ
ਜਿਨ੍ਹਾਂ ਨੇ ਕਦੇ ਅਸਮਾਨ ਨਹੀਂ ਤੱਕਿਆ

ਦਿਖਾਓ ਆਪਣਾ ਤਿਉੜੀਆਂ ਭਰਿਆ ਮੱਥਾ
ਜੋ ਮਨੁੱਖੀ ਔਰਗਨਜ਼ ਨੂੰ ਰੱਟਦਾ
ਸੁੰਗੜ ਗਿਆ

ਦਿਖਾਓ ਆਪਣੀਆਂ ਪੇਤਲੀਆਂ ਲੱਤਾਂ
ਜੋ ਮੋਬਾਇਲ ਦੀ ਸਕਰੀਨ 'ਤੇ
ਸਾਰਾ ਦਿਨ ਦਿਮਾਗੀ ਘੋੜੇ ਭਜਾਉਂਦੀਆਂ

ਆਓ ਬੱਚਿਓ ਆਓ
ਘਬਰਾਓ ਨਾ
ਘੰਟੀਆਂ ਵਜਾ

ਭੱਜਿਓ ਨਾ
ਦਿਖਾਓ ਆਪਣੇ ਬੁੱਢੇ ਚਿਹਰੇ
ਇਸ ਸ਼ਹਿਰੀ ਸੱਭਿਆਚਾਰ ਨੂੰ
ਜੋ ਤੁਹਾਡੇ ਉੱਚੀ ਹੱਸਣ ਬੋਲਣ ਨੱਚਣ ਕੁੱਦਣ ਨੂੰ
ਨਕਾਰ ਰਿਹਾ ਹੈ ਪੇਂਡੂ ਤੇ ਅਸੱਭਿਅਕ ਕਹਿ

ਇਹ ਸ਼ਹਿਰੀਕਰਣ
ਮਿੱਟੀ ਦੇ ਢੇਰਾਂ ਉੱਤੇ
ਮਨ ਮਸਤੀਆਂ ਕਰਨ ਦੀ ਬਜਾਏ
ਤੁਹਾਡਾ ਕੰਨ ਫੜ੍ਹ
ਕਿਸੇ ਵੀਲ਼ ਚੇਅਰ ਉੱਤੇ
ਸਟੈਚੂ ਬਣਿਆ ਦੇਖਣਾ ਚਾਹੁੰਦਾ

ਆਓ ਬੱਚਿਓ
ਮਾਰ ਕੇ ਪਿੱਠੂ ਵਾਲੀ ਖਿੱਦੋ
ਭੰਨੋਂ ਇਨ੍ਹਾਂ ਹਨ੍ਹੇਰ ਕੋਠੀਆਂ ਦੇ ਸ਼ੀਸ਼ੇ
ਜਿੱਥੇ ਸਮਾਨ ਤਾਂ ਹੈ ਪਿਆ ਤਰਤੀਬ ਵਿੱਚ
ਪਰ ਮਨੁੱਖੀ ਸੰਵੇਦਨਾ
ਡਰੀ ਸਹਿਮੀ ਲੁਕੀ ਹੈ
ਪਰਦਿਆਂ ਤੇ ਦਰਵਾਜ਼ਿਆਂ ਦੇ ਪਿੱਛੇ

ਆਓ ਬੱਚਿਓ
ਆਓ

ਮੋਰ ਘੁੱਗੀਆਂ ਉਡਾਓ
ਜੁਗਨੂੰਆਂ ਦੇ ਪਿੱਛੇ ਭੱਜੋ
ਚੀਕ ਚੰਘਿਆੜਾ ਪਾਓ
ਤੇ ਇਸ ਸੁੱਤੇ ਅਵਾਮ ਨੂੰ ਜਗਾਓ।

ਆਓ ਬੱਚਿਓ ਆਓ!

*****

## 2. ਆਖ਼ਰੀ ਖ਼ਤ

ਤੇਰੀ ਦਿੱਤੀ ਫੁਲਕਾਰੀ
ਅੱਜ ਲੀਰੋ ਲੀਰ ਹੋ ਗਈ
ਟੁੱਕ ਦਿੱਤੀ ਟਿੱਡੀਆਂ ਨੇ
ਮਾਂ ਦੀ ਪੇਟੀ ਵਿੱਚ
ਜਿਸ ਨੂੰ ਮੈਂ ਆਪਣੇ ਸ਼ਗਨਾਂ ਲਈ
ਚਾਵਾਂ ਨਾਲ਼ ਸਾਂਭਿਆ ਸੀ

ਬਾਪੂ ਉਦਾਸ ਏ
ਨਰਾਸ਼ ਏ
ਚੁੱਪ ਏ
ਕਿਸਾਨ ਮੋਰਚੇ ਤੋਂ ਮੁੜ ਆਇਆ ਏ
ਸੁੱਜੀਆ ਅੱਖਾਂ
ਪਿੱਠ ਦੇ ਤੇਜ਼ ਦਰਦ ਕਰਕੇ
ਮੰਜੇ 'ਤੇ ਪਿਆ ਤ੍ਰਾਹ ਰਿਹਾ
ਉਸ ਦੇ ਮੰਜੇ 'ਤੇ ਹੁਣ ਉਹ ਨਹੀਂ

ਮਰ ਚੁੱਕੇ ਸੁਪਨਿਆਂ ਦਾ ਪਿੰਜਰ ਸੌਂਦਾ

ਚਾਰੇ ਟਾਇਰ ਪੈਂਚਰ ਹੋਇਆ
ਬਾਪੂ ਦਾ ਲਾਡਲਾ ਟਰੈਕਟਰ
ਵਿਹੜੇ ਵਿੱਚ ਖੜ੍ਹਾ
ਇੰਜਣ ਧੁਖ਼ ਰਿਹਾ
ਬਾਪੂ ਦੇ ਦਿਲ ਵਾਂਗ
ਮੇਰੇ ਤੋਂ ਬਾਪੂ ਦਾ ਉਦਾਸ ਚਿਹਰਾ
ਦੇਖਿਆ ਨਹੀਂ ਜਾਂਦਾ

ਵੀਰ ਦੀਆਂ ਅੱਖਾਂ ਵਿੱਚ ਰੋਹ ਏ
ਕਿਸਾਨੀ ਝੰਡਾ ਲੈ
ਦੰਦਾਂ ਨੂੰ ਕ੍ਰੀਚ ਰਿਹਾ
ਘਰ ਵਿੱਚ ਪਏ ਸਮਾਨ ਨੂੰ
ਠੁੱਡੇ ਮਾਰ ਇਧਰ ਉਧਰ ਖਿਲਾਰ ਰਿਹਾ
ਉਸ ਲਈ ਘਰ ਸਰਹੱਦ ਬਣ ਗਿਆ

ਵੱਡੀ ਭੈਣ ਦੇ ਘਰ ਖ਼ੁਸ਼ੀਆਂ ਆਈਆਂ
ਸ਼ੂਸ਼ਕ ਦੇਣ ਲਈ ਮਾਂ ਨੇ
ਨਾਨੀ ਦੀ ਅਖ਼ੀਰਲੀ ਨਿਸ਼ਾਨੀ
ਆਪਣੇ ਕੰਨਾਂ ਦੀਆਂ ਵਾਲ਼ੀਆਂ
ਬਿੱਲੂ ਸੁਨਿਆਰੇ ਨੂੰ ਵੇਚ ਦਿੱਤੀਆਂ

ਕੱਲ ਬਾਪੂ ਘਰ ਦੇ ਖੱਲਾਂ ਖੂੰਝਿਆਂ 'ਚੋ

ਲੱਭ ਰਿਹਾ ਸੀ ਜੀਵਨ
ਇਸ ਮੌਤ ਤੋਂ ਛੁਟਕਾਰਾ ਪਾਉਣ ਲਈ

ਮਾਂ ਦੀ ਛਾਤੀ
ਮੇਰੀ ਚੁੱਪ ਨੇ ਸੁਕਾ ਦਿੱਤੀ

ਅਲਵਿਦਾ ਪਿਆਰੇ
ਇਹ ਮੇਰਾ ਆਖ਼ਰੀ ਖ਼ਤ ਏ
ਮਿਲਾਂਗੇ ਕਿਸੇ ਨਵੇਂ ਜਨਮ
ਕਿਸੇ ਨਵੇਂ ਦੇਸ਼
ਕਿਸੇ ਨਵੀਂ ਧਰਤੀ ਉੱਤੇ
ਜਿੱਥੇ ਜਨਮ ਤੋਂ ਬਾਅਦ ਜੀਵਨ ਹੋਵੇ
ਜਿੱਥੇ ਮੇਰੇ ਬਾਪੂ ਦੇ ਪੈਰਾਂ ਵਿੱਚ
ਕਿੱਲ ਨਹੀਂ
ਚਾਂਦੀ ਰੰਗੀ ਜੁੱਤੀ ਹੋਵੇ

ਜਿੱਥੇ ਮਿੱਟੀ ਵਿੱਚ ਸਲਫਾਸ ਨਹੀਂ
ਸੋਨੇ ਰੰਗੀ ਫ਼ਸਲ ਹੋਵੇ
ਧਰਤੀ ਉੱਤੇ ਨਵੀਂ ਨਰੋਈ ਨਸਲ ਹੋਵੇ

ਜਿੱਥੇ ਮਾਂ ਦੀ ਪੇਟੀ ਵਿੱਚ ਪਈ
ਤੇਰੀ ਦਿੱਤੀ ਸੂਹੀ ਫੁਲਕਾਰੀ ਵਿੱਚ
ਟੋਕਾਂ ਨਹੀਂ
ਸਗੋਂ ਉਡੀਕ ਦਾ ਰੰਗ ਹੋਰ ਗੂੜ੍ਹਾ ਹੋਵੇ।

## 3. ਮੈਂ

ਉਹ ਚਿੱਤਰਦਾ ਜਾਂਦਾ
ਹਰ ਕਵਿਤਾ
ਹਰ ਸ਼ਬਦ
ਹਰ ਅੱਖਰ ਵਿੱਚ

ਮੇਰਾ ਰੰਗ
ਮੇਰਾ ਰੂਪ

ਮੇਰੇ ਅਕਸ
ਮੇਰੇ ਨਕਸ਼

ਮੇਰੀ ਉਡਾਰੀ
ਮੇਰੀ ਉਦਾਸੀ

ਮੇਰੀਆਂ ਗੱਲਾਂ
ਮੇਰੇ ਗੀਤ

ਮੈਂ ਕਿਉਂ ਕਰ ਰਹੀ ਹਾਂ ਪਰਿਕਰਮਾ
ਬਸ ਉਸ ਦੀ ਬੇਵਫ਼ਾਈ
ਰੁਸਵਾਈ
ਤਨਹਾਈ

ਹਰ ਅੱਖਰ

ਹਰ ਸ਼ਬਦ
ਹਰ ਕਵਿਤਾ ਵਿੱਚ

ਮੈਂ ਵੀ ਹੋ ਜਾਵਾਂ
ਉਸਦੇ ਸ਼ਬਦਾਂ ਦੇ ਹਾਣ ਦੀ

ਜਾਂ ਚੁਗ ਲਵੇ ਉਹ
ਮੇਰੇ ਸ਼ਬਦਾਂ 'ਚੋਂ ਪੀੜ।

*****